# ਤੁਹਾਡੀ ਪਰੀਖਿਆ 2018

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਤੁਹਾਨੂੰ ਆਪਣੀ ਪਰੀਖਿਆ ਬਾਰੇ ਜੋ ਜਾਣਨ ਦੀ ਲੋੜ ਹੈ ਇਹ ਦਸਤਾਵੇਜ਼ ਤੁਹਾਨੂੰ ਉਸ ਬਾਰੇ ਦੱਸਦਾ ਹੈ। ਇਸ ਵਿੱਚ ਜ਼ਰੂਰੀ ਜਾਣਕਾਰੀ ਸ਼ਾਮਲ ਹੈ ਜੋ ਕਿ ਤੁਹਾਨੂੰ ਪਰੀਖਿਆ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਪੜ੍ਹਨੀ ਚਾਹੀਦੀ ਹੈ ,ਭਾਵੇਂ ਤੁਸੀਂ ਪਰੀਖਿਆਵਾਂ ਵਿੱਚ ਪਹਿਲਾਂ ਹੀ ਬੈਠ ਚੁੱਕੇ ਹੁੰਦੇ ਹੋ।

ਜੇ ਇਸ ਦਸਤਾਵੇਜ਼ ਵਿੱਚ ਕਿਸੇ ਵੀ ਗੱਲ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰੋ। ਆਪਣੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਨਾਲ ਇਸ ਜਾਣਕਾਰੀ ਨੂੰ ਸਾਂਝਾ ਕਰਨਾ ਅਤੇ ਇਸ ਬਾਰੇ ਵਿਚਾਰ-ਚਰਚਾ ਕਰਨਾ ਵੀ ਤੁਹਾਡੇ ਲਈ ਉਪਯੋਗੀ ਹੋ ਸਕਦਾ ਹੈ।

ਤਿਆਰੀ ਕਰਨੀ ਯਾਦ ਰੱਖੋ, ਸ਼ਾਂਤ ਰਹੋ ਅਤੇ ਆਪਣੇ ਵੱਲੋਂ ਬਿਹਤਰੀਨ ਕਰੋ।

ਤੁਹਾਨੂੰ www.sqa.org.uk/learners ‘ਤੇ ਵੀ ਹੋਰ ਵਧੇਰੀ ਲਾਭਦਾਇਕ ਜਾਣਕਾਰੀ ਪ੍ਰਾਪਤ ਹੋਵੇਗੀ।

# ਆਪਣੀ ਪਰੀਖਿਆ ਦੀ ਤਿਆਰੀ ਕਰਨੀ

**ਸਮਾਂ ਸਾਰਨੀ**

ਪਰੀਖਿਆ ਦੀ ਸਮਾਂ ਸਾਰਨੀ www.sqa.org.uk/timetable ‘ਤੇ ਉਪਲਬਧ ਹੈ।

ਆਪਣੀਆਂ ਪਰੀਖਿਆਵਾਂ ਦੇ ਸਮਿਆਂ ਦੀ ਆਪਣੇ ਅਧਿਆਪਕਾਂ ਅਤੇ ਲੈਕਚਰਾਰਾਂ ਨਾਲ ਹਮੇਸ਼ਾਂ ਦੂਹਰੀ-ਜਾਂਚ ਕਰਨੀ ਚਾਹੀਦੀ ਹੈ, ਕਿਉਂਕਿ ਸਕੂਲਾਂ ਅਤੇ ਕਾਲਜਾਂ ਨੂੰ ਪਰੀਖਿਆਵਾਂ ਦੇ ਸ਼ੁਰੂ ਹੋਣ ਦੇ ਸਮੇਂ ਨੂੰ ਥੋੜ੍ਹਾ ਜਿਹਾ ਬਦਲਨ ਦੀ ਇਜਾਜ਼ਤ ਹੁੰਦੀ ਹੈ।

ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਿਨ੍ਹਾਂ ਪਰੀਖਿਆਵਾਂ ਵਿੱਚ ਬੈਠ ਰਹੇ ਹੋ, ਇਹ ਕਦੋਂ ਹਨ, ਅਤੇ ਇਹ ਕਿੱਥੇ ਹੋਣੀਆਂ ਹਨ।

**SQA ਐਪਾਂ**

ਇਸ ਸਮੇਂ ਤੁਹਾਨੂੰ ਸਹਾਇਤਾ ਦੇਣ ਲਈ ਮੁਫ਼ਤ ਐਪਾਂ ਹਨ।

MyExams ਐਪ ਤੁਹਾਨੂੰ ਆਪਣੀ ਨਿੱਜੀ ਸਮਾਂ ਸਾਰਨੀ ਨੂੰ ਬਨਾਉਣ ਅਤੇ ਦੇਖਣ ਦੀ, ਟਿੱਪਣੀਆਂ ਨੂੰ ਸ਼ਾਮਲ ਕਰਨ, ਅਤੇ ਇਸ ਨੂੰ ਹੋਰ ਕੈਲੰਡਰਾਂ ਵਿੱਚ ਸ਼ਾਮਲ ਕਰਨ ਦੀ ਖੁੱਲ੍ਹ ਦਿੰਦੀ ਹੈ।

MyStudyPlan ਐਪ ਪੜ੍ਹਾਈ ਦੀ ਇਕ ਨਿੱਜੀ ਯੋਜਨਾ ਬਣਾ ਕੇ ਤੁਹਾਡੀ ਦੁਹਰਾਈ (ਰਿਵੀਜ਼ਨ) ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰਦੀ ਹੈ।

ਜੇ ਤੁਸੀਂ ਐਪਸ ਨੂੰ ਨਹੀਂ ਵਰਤਣਾ ਚਾਹੁੰਦੇ, ਤਾਂ ਤੁਸੀਂ ਔਨਲਾਈਨ ਟਾਇਮ-ਟੇਬਲ ਬਿਲਡਰ ਦੀ ਵਰਤੋਂ ਕਰਦੇ ਹੋਏ ਆਪਣੀ ਖੁਦ ਦੀ ਨਿੱਜੀ ਪਰੀਖਿਆ ਸਮਾਂ ਸਾਰਣੀ ਬਣਾ ਸਕਦੇ ਹੋ।

ਵਧੇਰੇ ਜਾਣਕਾਰੀ ਲਈ www.sqa.org.uk/studyplan ਵੇਖੋ।

**ਪਿਛਲੇ ਪੇਪਰ**

ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਨਾਲ ਅਭਿਆਸ ਕਰਕੇ ਤੁਸੀਂ ਆਪਣੀਆਂ ਪਰੀਖਿਆਵਾਂ ਲਈ ਤਿਆਰੀ ਕਰ ਸਕਦੇ ਹੋ।

ਤੁਸੀਂ ਇਹਨਾਂ ਨੂੰ www.sqa.org.uk/pastpaperinfo ਤੋਂ, ਅੰਕਣ ਨਿਰਦੇਸ਼ਾਂ ਸਮੇਤ ਡਾਊਨਲੋਡ ਕਰ ਸਕਦੇ ਹੋ।

**ਸਾਜ਼ੋ-ਸਮਾਨ**

ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਹਾਨੂੰ ਕਿਹੜੇ ਸਾਜ਼ੋ-ਸਮਾਨ ਨੂੰ ਵਰਤਣ ਦੀ ਇਜਾਜ਼ਤ ਹੈ ਅਤੇ ਤੁਹਾਨੂੰ ਆਪਣੇ ਨਾਲ ਕੀ ਲਿਆਉਣ ਦੀ ਲੋੜ ਹੈ - ਜਿਵੇਂ ਕਿ ਪੈੱਨ ਅਤੇ ਕੈਲਕੁਲੇਟਰ। ਤੁਹਾਡੇ ਅਧਿਆਪਕ ਅਤੇ ਲੈਕਚਰਾਰ ਤੁਹਾਨੂੰ ਇਸ ਬਾਰੇ ਦੱਸ ਸਕਣਗੇ।

ਤੁਹਾਨੂੰ ਪਰੀਖਿਆ ਦੇ ਦੌਰਾਨ ਆਪਣਾ ਕੋਈ ਵੀ ਸਾਜ਼ੋ-ਸਮਾਨ ਕਿਸੇ ਨਾਲ ਵੀ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਹੈ।

**ਤੁਹਾਡਾ Scottish Candidate Number**

ਤੁਹਾਡਾ Scottish Candidate Number (SCN) ਤੁਹਾਡਾ ਨਿੱਜੀ SQA ਪਛਾਣ ਨੰਬਰ ਹੈ। ਸਾਡੀਆਂ ਪ੍ਰਣਾਲੀਆਂ ਤੁਹਾਡੀਆਂ ਸਾਰੀਆਂ ਪ੍ਰਾਪਤੀਆਂ ਨੂੰ ਰਿਕਾਰਡ ਕਰਨ ਅਤੇ ਖੋਜਣ ਲਈ ਤੁਹਾਡੇ SCN ਦੀ ਵਰਤੋਂ ਕਰਦੀਆਂ ਹਨ।। ਇਹ ਯਕੀਨੀ ਬਣਾਉਂਦੀਆਂ ਹਨ ਕਿ ਤੁਹਾਡਾ ਪ੍ਰਮਾਣ-ਪੱਤਰ ਬਿਲਕੁਲ ਨਵਾਂ ਹੈ।

ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਇਹ ਦੱਸ ਸਕੇਗਾ ਕਿ ਤੁਹਾਡਾ SCN ਕੀ ਹੈ । ਯਕੀਨੀ ਬਣਾਓ ਤੁਹਾਨੂੰ ਇਹ ਆਪਣੀਆਂ ਪਰੀਖਿਆਵਾਂ ਤੋਂ ਪਹਿਲਾਂ ਪਤਾ ਹੋਵੇ - ਤੁਹਾਨੂੰ ਇਸ ਨੂੰ ਆਪਣੀ ਪਰੀਖਿਆ ਉੱਤਰ ਪੁਸਤਿਕਾਵਾਂ ਤੇ ਸਹੀ ਅਤੇ ਸਪਸ਼ਟ ਲਿਖਣ ਦੀ ਲੋੜ ਹੋਵੇਗੀ।

ਤੁਸੀਂ ਆਪਣੇ ਵੇਰਵੇ ਲਿਖਣ ਲਈ, ਆਪਣੀ ਪਰੀਖਿਆ ਪੁਸਤਿਕਾ ਦੇ ਪਿਛਲੇ ਪਾਸੇ SCN ਕਾਰਡ ਦੀ ਵਰਤੋਂ ਕਰ ਸਕਦੇ ਹੋ। ਤੁਹਾਨੂੰ ਇਸ ਕਾਰਡ ਨੂੰ ਪਰੀਖਿਆ ਕਮਰੇ ਵਿੱਚ ਲੈ ਕੇ ਜਾਣ ਦੀ ਇਜਾਜ਼ਤ ਹੈ, ਪਰ ਤੁਹਾਨੂੰ ਇਸ ਉੱਤੇ ਲਾਜ਼ਮੀ ਤੌਰ 'ਤੇ ਕੁਝ ਹੋਰ ਨਹੀਂ ਲਿਖਣਾ ਚਾਹੀਦਾ। ਜੇ ਕਾਰਡ ਉੱਪਰ ਕੋਈ ਵੀ ਅਣਅਧਿਕਾਰਤ ਜਾਣਕਾਰੀ ਪਾਈ ਜਾਂਦੀ ਹੈ , ਤਾਂ ਤੁਹਾਡੇ ਪਰੀਖਿਆ ਦਾਖਲੇ ਨੂੰ ਰੱਦ ਕੀਤਾ ਜਾ ਸਕਦਾ ਹੈ।

**ਤੁਹਾਡੇ ਨਾਮ ਅਤੇ ਪਤੇ ਦੇ ਵੇਰਵੇ**

ਇਹ ਯਕੀਨੀ ਬਨਾਉਣ ਲਈ ਕਿ ਤੁਸੀਂ ਨਤੀਜੇ ਵਾਲੇ ਦਿਨ ਆਪਣਾ ਪ੍ਰਮਾਣ-ਪੱਤਰ ਪ੍ਰਾਪਤ ਕਰਦੇ ਹੋ, ਯਕੀਨੀ ਬਣਾਓ ਕਿ ਤੁਹਾਡੇ ਸਕੂਲ ਜਾਂ ਕਾਲਜ ਕੋਲ ਤੁਹਾਡੇ ਸਹੀ ਵੇਰਵੇ ਹੋਣ – ਜਿਸ ਵਿੱਚ ਤੁਹਾਡਾ ਸਹੀ ਨਾਮ ਅਤੇ ਪਤਾ ਸ਼ਾਮਲ ਹੈ।

ਜੇਕਰ ਤੁਹਾਡੇ ਕੋਈ ਵੀ ਨਿੱਜੀ ਵੇਰਵੇ ਬਦਲਦੇ ਹਨ, ਜਾਂ ਗਰਮੀਆਂ ਦੌਰਾਨ ਬਦਲੇ ਜਾਣਗੇ, ਤਾਂ ਤੁਹਾਨੂੰ ਗਰਮੀਆਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਪਹਿਲਾਂ ਆਪਣੇ ਸਕੂਲ ਜਾਂ ਕਾਲਜ ਨੂੰ ਲਾਜ਼ਮੀ ਤੌਰ 'ਤੇ ਦੱਸਣਾ ਚਾਹੀਦਾ ਹੈ। ਉਹ ਸਾਡੇ ਵੱਲੋਂ ਤੁਹਾਡਾ ਪ੍ਰਮਾਣ-ਪੱਤਰ ਪ੍ਰਿੰਟ ਕੀਤੇ ਜਾਣ ਤੋਂ ਪਹਿਲਾਂ, ਸਿਸਟਮ 'ਤੇ ਤੁਹਾਡੇ ਵੇਰਵਿਆਂ ਨੂੰ ਤਾਜ਼ਾ ਬਣਾ ਸਕਣਗੇ।

- **MySQA**

ਤੁਸੀਂ ਆਪਣੇ MySQA ਅਕਾਊਂਟ ਵਿੱਚ ਲੌਗ ਇਨ ਕਰਕੇ ਆਪਣੇ ਨਿੱਜੀ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਪਹਿਲਾਂ ਕੋਈ ਅਕਾਊਂਟ ਨਹੀਂ ਹੈ, ਤੁਸੀਂ www.mysqa.org.uk 'ਤੇ ਇਸ ਲਈ ਸਾਈਨ ਅੱਪ ਕਰ ਸਕਦੇ ਹੋ।

ਯਕੀਨੀ ਬਣਾਓ ਕਿ ਤੁਹਾਡਾ ਨਾਮ ਉਵੇਂ ਹੀ ਲਿਖਿਆ ਹੁੰਦਾ ਹੈ ਜਿਵੇਂ ਤੁਸੀਂ ਇਸ ਨੂੰ ਆਪਣੇ ਪ੍ਰਮਾਣ-ਪੱਤਰ ਤੇ ਦੇਖਣਾ ਚਾਹੁੰਦੇ ਹੋ ਅਤੇ ਪਤਾ ਉਹ ਹੀ ਹੈ ਜਿੱਥੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਪ੍ਰਮਾਣ-ਪੱਤਰ ਭੇਜਿਆ ਜਾਵੇ।

*ਤੁਹਾਨੂੰ MySQA ਅਕਾਊਂਟ ਰੱਖਣ ਦੀ ਜ਼ਰੂਰਤ ਨਹੀਂ ਹੈ, ਪਰ ਇਹ ਤੁਹਾਡੇ ਵੇਰਵਿਆਂ ਦੀ ਜਾਂਚ ਕਰਨ ਲਈ ਉਪਯੋਗੀ ਹੁੰਦਾ ਹੈ ਅਤੇ ਜੇਕਰ ਤੁਸੀਂ ਟੈਕਸਟ ਜਾਂ ਈ-ਮੇਲ ਦੁਆਰਾ ਆਪਣੇ ਇਮਤਿਹਾਨ ਨਤੀਜੇ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇਸ ਦੀ ਜਰੂਰਤ ਹੁੰਦੀ ਹੈ।*

**ਤੁਹਾਡੀ ਜਾਣਕਾਰੀ**

SQA ਤੁਹਾਡੇ ਸਕੂਲ ਜਾਂ ਕਾਲਜ ਅਤੇ ਤੁਹਾਡੀ ਸਥਾਨਕ ਅਥਾੱਰਟੀ ਤੋਂ ਤੁਹਾਡੇ ਬਾਰੇ ਜਾਣਕਾਰੀ ਇਕੱਤਰ ਕਰਦੀ ਹੈ। ਅਸੀਂ ਤੁਹਾਡੀ ਪਰੀਖਿਆ ਦੀਆਂ ਉੱਤਰ ਪੁਸਤਿਕਾਵਾਂ ਅਤੇ ਹੋਰ ਮੁਲਾਂਕਣ ਸਮੱਗਰੀ ਤੋਂ ਵੀ ਜਾਣਕਾਰੀ ਇਕੱਤਰ ਕਰਦੇ ਹਾਂ।

ਇਹ ਸਾਰੀ ਜਾਣਕਾਰੀ ਤੁਹਾਡੀਆਂ ਯੋਗਤਾਵਾਂ ਨਾਲ ਸਬੰਧਤ ਹੁੰਦੀ ਹੈ ਅਤੇ ਅਸੀਂ ਇਸਨੂੰ ਇਨ੍ਹਾਂ ਲਈ ਵਰਤਦੇ ਹਾਂ:

- ਤੁਹਾਡੇ ਲਈ SQA ਪਰੀਖਿਆ ਦੇਣ ਅਤੇ ਮੁਲਾਂਕਣ ਕਰਨ ਦੇ ਪ੍ਰਬੰਧ ਕਰਨ ਲਈ
- ਤੁਹਾਡਾ ਸਕੌਟਿਸ਼ ਯੋਗਤਾ ਪ੍ਰਮਾਣ-ਪੱਤਰ ਜਾਰੀ ਕਰਨ ਲਈ
- ਤੁਹਾਡੇ ਵੱਲੋਂ ਬੇਨਤੀ ਕੀਤੀ ਸੇਵਾਵਾਂ ਨੂੰ ਪ੍ਰਦਾਨ ਕਰਨ ਲਈ, ਜਿਵੇਂ ਕਿ MySQA
- ਪੁੱਛਗਿੱਛ ਦੇ ਜਵਾਬ ਦੇਣ ਲਈ
- ਸੰਭਾਵੀ ਗ਼ਲਤ-ਵਿਹਾਰ ਦੇ ਮਾਮਲਿਆਂ ਦੀ ਜਾਂਚ ਕਰਨ ਲਈ

ਅਸੀਂ ਇਸ ਦੀ ਵਰਤੋਂ ਅੰਕੜਿਆਂ ਅਤੇ ਖੋਜ ਦੇ ਉਦੇਸ਼ਾਂ ਲਈ ਵੀ ਕਰਦੇ ਹਾਂ।

ਅਸੀਂ ਤੁਹਾਡੀ ਕੁਝ ਜਾਣਕਾਰੀ ਹੋਰ ਸੰਸਥਾਵਾਂ ਦੇ ਨਾਲ ਸਾਂਝਾ ਕਰ ਸਕਦੇ ਹਾਂ ਜਿਵੇਂ ਕਿ ਸਕੌਟਿਸ਼ ਸਰਕਾਰ, UCAS, ਤੁਹਾਡਾ ਸਕੂਲ ਜਾਂ ਕਾਲਜ ਅਤੇ ਹੋਰ ਤੀਜੀ ਧਿਰਾਂ ਜੋ ਸਾਡੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ ਇਸ ਬਾਰੇ ਹੋਰ ਜਾਣਕਾਰੀ www.sqa.org.uk/privacystatement ਤੇ ਉਪਲਬਧ ਹੈ।

ਸਾਡੇ ਕੋਲ ਤੁਹਾਡੇ ਬਾਰੇ ਜੋ ਜਾਣਕਾਰੀ ਹੈ, ਤੁਸੀਂ ਉਸਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ – www.sqa.org.uk/requestpersonalinformation ’ਤੇ ਦੇਖੋ ਕਿ ਇਹ ਬੇਨਤੀ ਕਿੰਝ ਕਰਨੀ ਹੈ।

ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਦੇ ਹਿੱਸੇ ਵੱਜੋਂ, ਜੇਕਰ ਤੁਸੀਂ ਫੋਨ ਦੁਆਰਾ SQA ਨਾਲ ਸੰਪਰਕ ਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਤੁਹਾਡੇ ਨਾਲ ਕਿਸੇ ਵੀ ਜਾਣਕਾਰੀ ਦੀ ਚਰਚਾ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੀ ਪਛਾਣ ਦੀ ਪੁਸ਼ਟੀ ਕਰਨ ਲਈ ਆਖਾਂਗੇ। ਸਾਨੂੰ ਤੁਹਾਡੀ ਜਾਣਕਾਰੀ ਬਾਰੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਦੇ ਸਮੇਤ, ਕਿਸੇ ਹੋਰ ਨਾਲ, ਚਰਚਾ ਕਰਨ ਲਈ ਵੀ ਤੁਹਾਡੀ ਸਹਿਮਤੀ ਦੀ ਲੋੜ ਹੋਵੇਗੀ।

**ਪਰੀਖਿਆ ਦੇ ਇੰਤਜਾਮ**

ਜੇਕਰ ਤੁਹਾਨੂੰ ਆਪਣੀ ਕਿਸੇ ਵੀ ਪਰੀਖਿਆ ਲਈ ਵਧੀਕ ਸਹਾਇਤਾ ਜਾਂ ਖ਼ਾਸ ਇੰਤਜਾਮਾਂ ਦੀ ਲੋੜ ਹੈ, ਤਾਂ ਤੁਹਾਨੂੰ ਇਸ ਦੀ ਚਰਚਾ ਆਪਣੇ ਸਕੂਲ ਜਾਂ ਕਾਲਜ ਨਾਲ ਕਰਨੀ ਚਾਹੀਦੀ ਹੈ।

## ਪਰੀਖਿਆ ਵਾਲੇ ਦਿਨ

### ਆਪਣੀ ਪਰੀਖਿਆ ਲਈ ਪਹੁੰਚਣਾ

ਤੁਹਾਨੂੰ ਪਰੀਖਿਆ ਦੇ ਸ਼ੁਰੂ ਹੋਣ ਤੋਂ 10 ਮਿੰਟ ਪਹਿਲਾਂ ਪਰੀਖਿਆ ਕਮਰੇ ਦੇ ਬਾਹਰ ਤਿਆਰ ਰਹਿਣਾ ਚਾਹੀਦਾ ਹੈ। ਜੇਕਰ ਤੁਸੀਂ ਦੇਰੀ ਨਾਲ ਆਏ ਹੋ, ਤਾਂ ਤੁਹਾਨੂੰ SQA ਪਰੀਖਿਆਵਾਂ ਦੀ ਜ਼ੁੰਮੇਵਾਰੀ ਲੈ ਰਹੇ ਅਧਿਆਪਕ ਜਾਂ ਲੈਕਚਰਾਰ ਨੂੰ ਲਾਜ਼ਮੀ ਤੌਰ 'ਤੇ ਸੂਚਿਤ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਕੀ ਤੁਸੀਂ ਪਰੀਖਿਆ ਵਿੱਚ ਬੈਠ ਸਕਦੇ ਹੋ।

ਜੇਕਰ ਤੁਸੀਂ ਬਿਮਾਰੀ ਜਾਂ ਕਿਸੇ ਹੋਰ ਕਾਰਨ ਕਰਕੇ ਪਰੀਖਿਆ ਨਹੀਂ ਦੇ ਸਕਦੇ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ SQA ਪਰੀਖਿਆਵਾਂ ਦੇ ਇੰਚਾਰਜ ਅਧਿਆਪਕ ਜਾਂ ਲੈਕਚਰਾਰ ਨੂੰ ਇਸ ਬਾਰੇ ਜਿੰਨੀ ਜਲਦੀ ਹੋ ਸਕੇ, ਓਨੀ ਜਲਦੀ ਸੂਚਿਤ ਕਰਨਾ ਚਾਹੀਦਾ ਹੈ।

### ਵਰਜਿਤ ਵਸਤਾਂ

ਵਰਜਿਤ ਵਸਤਾਂ ਉਹ ਵਸਤਾਂ ਹੁੰਦੀਆਂ ਹਨ ਜੋ ਪਰੀਖਿਆ ਕਮਰੇ ਵਿੱਚ ਤੁਹਾਡੇ ਕੋਲ ਡੈਸਕ ਤੇ ਨਹੀਂ ਹੋਣੀਆਂ ਚਾਹੀਦੀਆਂ। ਇਨ੍ਹਾਂ ਵਿੱਚ ਹੇਠ ਲਿਖੀਆਂ ਵਸਤਾਂ ਸ਼ਾਮਲ ਹਨ:

- ਮੋਬਾਇਲ ਫੋਨ
- ਇਲੈਕਟ੍ਰੋਨਿਕ ਉਪਕਰਣ ਜਿਵੇਂ ਕਿ MP3 ਪਲੇਅਰ, ਆਈਪੋਡ, ਟੈਬਲੇਟ, ਸਮਾਰਟਵਾਚ ਜਾਂ ਕੋਈ ਹੋਰ ਯੰਤਰ ਜੋ ਵੈਬ-ਸਮਰੱਥਾ ਵਾਲਾ ਹੋਵੇ ਜਾਂ ਜਾਣਕਾਰੀ ਸਟੋਰ ਕਰਦਾ ਹੋਵੇ
- ਕਿਤਾਬਾਂ, ਨੋਟ੍ਸ, ਸਕੈੱਚ ਜਾਂ ਕਾਗਜ਼
- ਪੈਂਸਿਲ ਕੇਸ/ਕੈਲਕੁਲੇਟਰ ਕੇਸ
- ਗ਼ੈਰ-ਕੈਲਕੁਲੇਟਰ ਪੇਪਰਾਂ ਵਿੱਚ ਕੈਲਕੁਲੇਟਰ
- ਸ਼ਬਦਕੋਸ਼ - ਨਿਰਧਾਰਿਤ ਵਿਸ਼ਿਆਂ ਤੋਂ ਇਲਾਵਾ

ਜਦੋਂ ਤੱਕ ਕਿ ਇਹਨਾਂ ਵਿੱਚੋਂ ਕਿਸੇ ਵੀ ਵਸਤੂ ਨੂੰ SQA ਦੁਆਰਾ ਮੁਲਾਂਕਣ ਪ੍ਰਬੰਧਨ ਦੇ ਹਿੱਸੇ ਵਜੋਂ ਮਨਜ਼ੂਰ ਨਹੀਂ ਕੀਤਾ ਜਾਂਦਾ, ਤੁਹਾਨੂੰ ਪਹਿਲਾਂ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਕਿਸੇ ਸੁਰੱਖਿਅਤ ਥਾਂ ਤੇ ਰੱਖ ਦੇਣਾ ਚਾਹੀਦਾ ਹੈ।

ਕਿਉਂਕਿ ਤੁਹਾਨੂੰ ਆਪਣੀ ਨਿਰਧਾਰਿਤ ਸੀਟ ਤੇ ਕਿਸੇ ਵੀ ਵਰਜਿਤ ਵਸਤਾਂ ਲੈਕੇ ਜਾਣ ਦੀ ਆਗਿਆ ਨਹੀਂ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਬੈਗਾਂ ਅਤੇ ਜੇਬਾਂ ਦੀ ਧਿਆਨ ਨਾਲ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਇਹਨਾਂ ਵਿੱਚੋਂ ਕੋਈ ਵਸਤੂ ਨਹੀਂ ਹੈ।

ਜਦੋਂ ਖ਼ਾਸ ਵਸਤਾਂ ਦੀ ਪਰੀਖਿਆ ਵਿੱਚ ਇਜਾਜ਼ਤ ਹੁੰਦੀ ਹੈ, ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਲਾਜ਼ਮੀ ਤੌਰ 'ਤੇ SQA ਦੇ ਨਿਯਮਾਂ ਨੂੰ ਪੂਰਾ ਕਰਦੀਆਂ ਹਨ। ਤੁਹਾਡੇ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਦੱਸ ਸਕਣਗੇ। ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਲੈਕਟ੍ਰੋਨਿਕ ਵਸਤਾਂ ਦੀ ਵਰਜਿਤ ਡੈਟੇ ਜਾਂ ਕਿਸੇ ਹੋਰ ਫੀਚਰਜ਼ ਲਈ ਪਹੁੰਚ ਨਹੀਂ ਹੈ, ਜਿੰਨ੍ਹਾਂ ਦੀ ਪਰੀਖਿਆ ਵਿੱਚ ਇਜਾਜ਼ਤ ਨਹੀਂ ਹੈ।

ਜੇਕਰ ਤੁਸੀਂ ਪਰੀਖਿਆ ਵਿੱਚ, ਜਿੱਥੇ ਸ਼ਬਦ-ਕੋਸ਼ਾਂ ਦੀ ਇਜਾਜ਼ਤ ਹੈ, ਆਪਣਾ ਸ਼ਬਦ-ਕੋਸ਼ ਵਰਤਣ ਦੀ ਯੋਜਨਾ ਬਣਾਉਂਦੇ ਹੋ, ਤਾਂ ਤੁਹਾਨੂੰ ਪਰੀਖਿਆ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਇਸ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਤੁਹਾਡਾ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਦੱਸ ਸਕੇਗਾ ਕਿ ਇਸ ਦੀ ਜਾਂਚ ਕਿਵੇਂ ਕਰਵਾਉਣੀ ਹੈ।

### ਪਰੀਖਿਆ ਕਮਰੇ ਵਿੱਚ

### ਡੈਸਕ

ਬਹੁਤੇ ਸਕੂਲਾਂ ਅਤੇ ਕਾਲਜਾਂ ਵਿੱਚ, ਤੁਹਾਨੂੰ ਹਰੇਕ ਪਰੀਖਿਆ ਲਈ ਇੱਕ ਡੈਸਕ ਜਾਂ ਸੀਟ ਨੰਬਰ ਦਿੱਤਾ ਜਾਵੇਗਾ। ਯਕੀਨੀ ਬਣਾਓ ਕਿ ਤੁਹਾਨੂੰ ਇਹ ਨੰਬਰ ਪਰੀਖਿਆ ਤੋਂ ਪਹਿਲਾਂ ਪਤਾ ਹੁੰਦਾ ਹੈ। ਤੁਹਾਨੂੰ ਆਪਣੀ ਨਿਰਧਾਰਿਤ ਸੀਟ ਤੇ ਕੋਈ ਵੀ ਵਰਜਿਤ ਵਸਤਾਂ ਨਹੀਂ ਲੈ ਕੇ ਜਾਣੀਆਂ ਚਾਹੀਦੀਆਂ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਇਹ ਮੰਨਿਆ ਜਾਵੇਗਾ ਕਿ ਇਹ 'ਵਸਤਾਂ ਤੁਹਾਡੇ ਕੋਲ ਪਾਈਆਂ ਗਈਆਂ', ਜਿਸ ਦੇ ਸਿੱਟੇ ਵਜੋਂ ਇਮਤਿਹਾਨ ਵਿਚ ਤੁਹਾਡੇ ਦਾਖਲੇ ਨੂੰ ਰੱਦ ਕੀਤਾ ਜਾ ਸਕਦਾ ਹੈ।

**ਨਿਰੀਖਕ (Invigilators)**

ਉਹ ਲੋਕ ਜੋ ਤੁਹਾਡੀਆਂ ਪਰੀਖਿਆਵਾਂ ਦੀ ਨਿਗਰਾਨੀ ਕਰਦੇ ਹਨ, 'ਨਿਰੀਖਕ' ਕਹਾਉਂਦੇ ਹਨ। ਉਹਨਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਤੁਹਾਡੀਆਂ ਪਰੀਖਿਆਵਾਂ ਨਿਯਮਾਂ ਦੇ ਮੁਤਾਬਕ ਹੁੰਦੀਆਂ ਹੋਣ ਅਤੇ ਨਿਯਮਾਂ ਨੂੰ ਨਿਰਪੱਖਤਾ ਨਾਲ ਲਾਗੂ ਕੀਤਾ ਜਾਂਦਾ ਹੈ। ਤੁਹਾਨੂੰ ਨਿਰੀਖਕ ਵੱਲੋਂ ਦਿੱਤੀਆਂ ਗਈਆਂ ਕਿਸੇ ਵੀ ਹਿਦਾਇਤਾਂ ਦੀ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ। ਪਰੀਖਿਆ ਕਮਰੇ ਵਿੱਚ ਆਪਣੀ ਨਿਰਧਾਰਿਤ ਸੀਟ ਤੱਕ ਕੋਈ ਵਰਜਿਤ ਵਸਤੂ ਨਾ ਲੈ ਕੇ ਜਾਣਾ ਯਕੀਨੀ ਬਣਾਉਣ ਸਹਿਤ, ਇਹਨਾਂ ਹਿਦਾਇਤਾਂ ਨੂੰ ਸੁਣਨਾ ਅਤੇ ਉਹਨਾਂ ਦੀ ਪਾਲਣਾ ਕਰਨੀ ਤੁਹਾਡੀ ਜ਼ਿੰਮੇਵਾਰੀ ਹੈ।

ਤੁਹਾਡੀ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ, ਨਿਰੀਖਕ ਤੁਹਾਨੂੰ ਇਹ ਯਕੀਨੀ ਬਨਾਉਣ ਲਈ ਇੱਕ ਆਖਰੀ ਜਾਂਚ ਕਰਨ ਲਈ ਆਖੇਗਾ ਕਿ ਤੁਹਾਡੇ ਕੋਲ ਕੋਈ ਵੀ ਵਰਜਿਤ ਵਸਤਾਂ ਨਾ ਹੋਣ। ਜੇ ਤੁਹਾਡੇ ਕੋਲ ਕੋਈ ਵੀ ਵਰਜਿਤ ਵਸਤੂ ਹੋਵੇ, ਤਾਂ ਨਿਰੀਖਕ ਨੂੰ ਦੇ ਦਿਓ ਅਤੇ ਪਰੀਖਿਆ ਤੋਂ ਬਾਅਦ ਇਹ ਤੁਹਾਨੂੰ ਵਾਪਸ ਕਰ ਦਿੱਤੀ ਜਾਵੇਗੀ।

ਜੇਕਰ ਪਰੀਖਿਆ ਦੇ ਦੌਰਾਨ, ਤੁਹਾਡੇ ਨਾਲ ਕੁਝ ਵੀ ਅਕਲਪਿਤ ਵਾਪਰਦਾ ਹੈ, ਜਿਵੇਂ ਕਿ ਬਿਮਾਰ ਮਹਿਸੂਸ ਕਰਨਾ, ਤੁਹਾਨੂੰ ਤੁਰੰਤ ਨਿਰੀਖਕ ਨੂੰ ਸੂਚਿਤ ਕਰਨਾ ਚਾਹੀਦਾ ਹੈ।

**ਨਿਯਮ**

ਇਹ ਮਹੱਤਵਪੂਰਨ ਹੈ ਕਿ ਤੁਸੀਂ SQA ਨਿਯਮਾਂ ਦੀ ਪਾਲਣਾ ਕਰੋ, ਇਹ ਯਕੀਨੀ ਬਨਾਉਣ ਲਈ ਕਿ ਹਰ ਕਿਸੇ ਕੋਲ ਆਪਣਾ ਸਭ ਤੋਂ ਵਧੀਆ ਕੰਮ ਕਰਨ ਦਾ ਇੱਕ ਨਿਰਪੱਖ ਅਤੇ ਬਰਾਬਰ ਮੌਕਾ ਹੋਵੇ।

**ਤੁਹਾਡਾ ਵਿਹਾਰ**

ਗਲਤ ਵਿਹਾਰ ਅਤੇ ਆਚਰਣ, ਜੋ ਕਿ ਪਰੀਖਿਆ ਦੇ ਦੌਰਾਨ ਵਿਘਨ ਦਾ ਕਾਰਨ ਬਣੇ, ਉਸਨੂੰ ਦੁਰਾਚਾਰ ਮੰਨਿਆ ਜਾਂਦਾ ਹੈ। ਉਹ ਦੂਜੇ ਉਮੀਦਵਾਰਾਂ ਲਈ ਉਚਿਤ ਨਹੀਂ ਹੁੰਦੇ, ਅਤੇ ਇਨਾਂ ਦੀ ਸੂਚਨਾ SQA ਨੂੰ ਦਿੱਤੀ ਜਾਵੇਗੀ ਅਤੇ ਪੜਤਾਲ ਕੀਤੀ ਜਾਵੇਗੀ। ਤੁਹਾਡਾ ਸਕੂਲ ਜਾਂ ਕਾਲਜ ਇਹਨਾਂ ਪੜਤਾਲਾਂ ਬਾਰੇ ਹੋਰ ਵਿਆਖਿਆ ਕਰ ਸਕਦਾ ਹੈ, ਜਿਸਦੇ ਬਹੁਤ ਗੰਭੀਰ ਨਤੀਜੇ ਹੋ ਸਕਦੇ ਹਨ। ਸਜ਼ਾ ਵਿੱਚ ਅਕਸਰ ਨੰਬਰ ਗੁਆਉਣਾ ਅਤੇ ਤੁਹਾਡੇ ਪਰੀਖਿਆ ਦਾ ਦਾਖਲਾ ਰੱਦ ਹੋਣਾ ਸ਼ਾਮਲ ਹੁੰਦਾ ਹੈ।

ਉਮੀਦਵਾਰਾਂ ਦੇ ਦੁਰਾਚਾਰ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਪਰੀਖਿਆ ਕਮਰੇ ਵਿੱਚ ਆਪਣੀ ਸੀਟ 'ਤੇ ਤੁਹਾਡੇ ਕੋਲ ਕੋਈ ਵੀ ਵਰਜਿਤ ਵਸਤੂ ਦਾ ਹੋਣਾ।
- ਆਪਣੇ ਆਪ ਨੂੰ ਕੋਈ ਹੋਰ ਹੋਣ ਦਾ ਵਿਖਾਵਾ ਕਰਨਾ ਜਾਂ ਕਿਸੇ ਹੋਰ ਨੂੰ ਆਪਣੀ ਥਾਂ ਤੇ ਪਰੀਖਿਆ ਵਿੱਚ ਬੈਠਣ ਲਈ ਲਿਆਉਣ ਦੀ ਕੋਸ਼ਿਸ਼ ਕਰਨੀ।
- ਪਰੀਖਿਆ ਕਮਰੇ ਵਿੱਚ ਵਿਘਨਕਾਰੀ ਵਤੀਰਾ।
- ਆਪਣੀ ਉੱਤਰ ਪੁਸਤਿਕਾ ਵਿੱਚ ਅੱਖੜ, ਬਦਜ਼ੁਬਾਨ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਜਾਂ ਚਿੱਤਰਾਂ ਦੀ ਵਰਤੋਂ ਕਰਨਾ।
- ਕਿਸੇ ਹੋਰ ਪਰੀਖਿਆਰਥੀ ਤੋਂ ਨਕਲ ਕਰਨਾ।
- ਮਿਲੀ-ਭਗਤ – ਵਿਅਕਤੀਗਤ ਕੰਮ ਵਿੱਚ ਹੋਰਾਂ ਪਰੀਖਿਆਰਥੀਆਂ ਨਾਲ ਕੰਮ ਕਰਨਾ ਜੋ ਕਿ ਤੁਹਾਡਾ ਆਪਣਾ ਕੰਮ ਹੋਣਾ ਚਾਹੀਦਾ ਸੀ।
- ਸਾਹਿਤਕ-ਚੋਰੀ – ਉਚਿਤ ਢੰਗ ਨਾਲ ਸ੍ਰੋਤਾਂ ਨੂੰ ਸਵੀਕਾਰ ਕਰਨ ਵਿੱਚ ਅਸਫਲ ਹੋਣਾ ਅਤੇ/ਜਾਂ ਕਿਸੇ ਹੋਰ ਦੇ ਕੰਮ ਨੂੰ ਇੰਝ ਪੇਸ਼ ਕਰਨਾ ਜਿਵੇਂ ਕਿ ਉਹ ਤੁਹਾਡਾ ਆਪਣਾ ਹੀ ਕੰਮ ਹੋਵੇ।

**ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾਵਾਂ**

ਆਪਣੇ ਪ੍ਰਸ਼ਨ ਪੱਤਰ ਦੇ ਮੂਹਰੇ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਪੜ੍ਹਨਾ ਜ਼ਰੂਰੀ ਹੈ। ਯਕੀਨੀ ਬਣਾਓ ਕਿ ਤੁਸੀਂ ਇਹਨਾਂ ਦੀ ਧਿਆਨ ਨਾਲ ਪਾਲਣਾ ਕਰਦੇ ਹੋ।

ਕੁਝ ਪਰੀਖਿਆਵਾਂ ਵਿੱਚ, ਤੁਹਾਨੂੰ ਇੱਕ ਵੱਖਰਾ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾ ਮਿਲੇਗੀ। ਜੇਕਰ ਤੁਹਾਨੂੰ ਵਾਧੂ ਕਾਗਜ਼ ਦੀ ਲੋੜ ਹੋਵੇ, ਤਾਂ ਤੁਹਾਨੂੰ ਆਪਣਾ ਹੱਥ ਖੜ੍ਹਾ ਕਰਕੇ ਨਿਰੀਖਕ ਨੂੰ ਆਖਣਾ ਚਾਹੀਦਾ ਹੈ। ਕੁਝ ਵਿਸ਼ਿਆਂ 'ਚ, ਉੱਤਰ ਪੁਸਤਿਕਾ ਦੇ ਅੰਤ ਵਿੱਚ ਤੁਹਾਨੂੰ ਵਾਧੂ ਪੰਨੇ ਜਾਂ ਗ੍ਰਾਫ਼ ਪੇਪਰ ਮਿਲਣਗੇ।

ਤੁਹਾਨੂੰ ਆਪਣੇ ਪ੍ਰਸ਼ਨ ਪੱਤਰ ਜਾਂ ਉੱਤਰ ਪੁਸਤਿਕਾ ਦੇ ਮੂਹਰੇ ਆਪਣੇ ਵੇਰਵਿਆਂ ਨੂੰ ਲਾਜ਼ਮੀ ਤੌਰ 'ਤੇ ਪੜ੍ਹਨਯੋਗ ਢੰਗ ਨਾਲ ਪੂਰਾ ਕਰਨਾ ਚਾਹੀਦਾ ਹੈ। ਜੇਕਰ ਵਾਧੂ ਕਾਗਜ਼ ਦੀ ਵਰਤੋਂ ਕਰ ਰਹੇ ਹੋ, ਤਾਂ ਹਰੇਕ ਪੰਨੇ ਉੱਤੇ ਆਪਣਾ ਨਾਮ, Scottish Candidate Number (SCN), ਅਤੇ ਸਕੂਲ ਜਾਂ ਕਾਲਜ ਲਿਖਣਾ ਯਾਦ ਰੱਖੋ ਅਤੇ ਇਹਨਾਂ ਨੂੰ ਆਪਣੀ ਉੱਤਰ ਪੁਸਤਿਕਾ ਦੇ ਅੰਦਰ ਪਾਓ।

ਆਪਣੇ ਪੂਰੇ ਪ੍ਰਸ਼ਨ ਪੱਤਰ ਤੇ ਕੰਮ ਕਰੋ ਜਦੋਂ ਤੱਕ ਤੁਸੀਂ ਪ੍ਰਸ਼ਨ ਪੱਤਰ ਦੀ ਸਮਾਪਤੀ (END OF QUESTION PAPER) ਕਥਨ ਨਹੀਂ ਦੇਖਦੇ। ਇਸ ਤੋਂ ਬਾਅਦ ਤੁਹਾਡੇ ਲਈ ਉੱਤਰ ਦੇਣ ਲਈ ਹੋਰ ਕੁੱਝ ਨਹੀਂ ਹੋਵੇਗਾ।

ਪ੍ਰਸ਼ਨ ਪੱਤਰ ਵਿੱਚ ਜਿੰਨ੍ਹਾਂ ਪੰਨਿਆਂ ਉੱਤੇ ਕੋਈ ਪ੍ਰਸ਼ਨ ਜਾਂ ਹਿਦਾਇਤਾਂ ਨਹੀਂ ਲਿਖੀਆਂ ਹੋਣਗੀਆਂ, ਉਹਨਾਂ ਉੱਪਰ ਖਾਲੀ ਪੰਨਾ (BLANK PAGE) ਲਿਖਿਆ ਹੋਵੇਗਾ। ਕੋਈ ਵੀ ਪੰਨਾ ਪੂਰੀ ਤਰ੍ਹਾਂ ਖਾਲੀ ਨਹੀਂ ਹੋਣਾ ਚਾਹੀਦਾ। ਜੇਕਰ ਤੁਸੀਂ ਇਸ ਪ੍ਰਸ਼ਨ ਪੱਤਰ ਦੀ ਸਮਾਪਤੀ (END OF QUESTION PAPER) ਕਥਨ ਤੋਂ ਪਹਿਲਾਂ ਕੋਈ ਵੀ ਪੰਨਾ ਦੇਖਦੇ ਹੋ ਜੋ ਕਿ ਪੂਰੀ ਤਰ੍ਹਾਂ ਖ਼ਾਲੀ ਹੈ, ਤਾਂ ਇਸ ਬਾਰੇ ਨਿਰੀਖਕ ਨੂੰ ਦੱਸੋ।

**ਆਪਣੇ ਉੱਤਰ ਲਿਖਣਾ**

ਤੁਹਾਨੂੰ ਲਾਜ਼ਮੀ ਤੌਰ 'ਤੇ ਕਾਲੀ ਜਾਂ ਨੀਲੀ ਸਿਆਹੀ ਵਾਲਾ ਪੈੱਨ ਵਰਤਣਾ ਚਾਹੀਦਾ ਹੈ। ਜੈੱਲ ਪੈੱਨਾਂ ਦੀ ਵਰਤੋਂ ਨਾ ਕਰੋ – ਇਹ ਤੁਹਾਡੇ ਉੱਤਰਾਂ ਦੇ ਫਿੱਕੇ ਪੈ ਜਾਣ ਦਾ ਕਾਰਨ ਬਣ ਸਕਦੇ ਹਨ।

ਇਹ ਅਹਿਮ ਹੈ ਕਿ ਤੁਸੀਂ ਪੜ੍ਹੀ ਜਾ ਸਕਣ ਵਾਲੀ ਲਿਖਾਈ ਵਿੱਚ ਲਿਖੋ। ਮਾਰਕਰ (ਪਰੀਖਿਆ ਚੈੱਕ ਕਰਨ ਵਾਲੇ) ਤੁਹਾਡਾ ਕੰਮ ਪੜ੍ਹਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ, ਪਰ ਜੇਕਰ ਤੁਹਾਡੀ ਲਿਖਾਈ ਪੜ੍ਹਨੀ ਔਖੀ ਹੈ, ਤਾਂ ਹੋ ਸਕਦਾ ਹੈ ਕਿ ਉਹ ਤੁਹਾਨੂੰ ਅੰਕ ਨਾ ਦੇ ਸਕਣ। ਬਿਨਾਂ ਲਾਈਨਾਂ ਵਾਲੀਆਂ ਉੱਤਰ ਪੁਸਤਕਾਵਾਂ ਤੇ ਲਿਖਦੇ ਹੋਏ, ਲਾਈਨਾਂ ਵਿੱਚਕਾਰ ਲਗਭਗ 1 cm (ਸੈਂਟੀਮੀਟਰ) ਦੀ ਜਗ੍ਹਾ ਛੱਡਣ ਦੀ ਕੋਸ਼ਿਸ਼ ਕਰੋ।

ਕੁਝ ਵਿਸ਼ਿਆਂ ਵਿੱਚ, ਗ਼ਲਤ ਸ਼ਬਦ-ਜੋੜਾਂ ਅਤੇ ਵਿਸ਼ਰਾਮ ਚਿਨ੍ਹਾਂ ਦੇ ਨਤੀਜੇ ਵੱਜੋਂ ਵੀ ਅੰਕ ਨਹੀਂ ਦਿੱਤੇ ਜਾ ਸਕਦੇ। ਜੇਕਰ ਇਸ ਬਾਰੇ ਜਾਂ ਆਪਣੀ ਲਿਖਾਈ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰਨੀ ਚਾਹੀਦੀ ਹੈ।

ਜੇਕਰ ਤੁਸੀਂ ਕਿਸੇ ਪ੍ਰਸ਼ਨ ਲਈ ਇੱਕ ਤੋਂ ਵੱਧ ਉੱਤਰ ਦਿੰਦੇ ਹੋ, ਤਾਂ ਕੱਚੇ ਕੰਮ ਜਾਂ ਅਣਚਾਹੇ ਉੱਤਰਾਂ ਉੱਪਰ ਕਾਟਾ ਮਾਰਨਾ ਯਾਦ ਰੱਖੋ।

**ਮਲਕੀਅਤ**

SQA ਕੋਲ ਪਰੀਖਿਆ ਸਾਮੱਗਰੀਆਂ ਜਿਵੇਂ ਕਿ ਉੱਤਰ ਪੁਸਤਕਾਵਾਂ ਜਮਾਂ ਹੋਣ ਤੇ, ਇਹ SQA ਦੀ ਫ਼ਿਜ਼ਿਕਲ ਪ੍ਰਾਪਰਟੀ (ਭੌਤਿਕ ਸੰਪਤੀ) ਬਣ ਜਾਂਦੀਆਂ ਹਨ, ਜੋ ਇਹਨਾਂ ਦੀ ਵਰਤੋਂ ਮਾਰਕਿੰਗ ਅਤੇ ਸਿਖਲਾਈ ਲਈ ਕਰਨਗੇ।

**ਪਰੀਖਿਆ ਕਮਰੇ ਤੋਂ ਬਾਹਰ ਨਿਕਲਨਾ**

ਜੇਕਰ ਤੁਸੀਂ ਜਲਦੀ ਖ਼ਤਮ ਕਰ ਲੈਂਦੇ ਹੋ ਜਾਂ ਜਿੰਨਾਂ ਪੇਪਰ ਤੁਸੀਂ ਕਰ ਸਕਦੇ ਹੋ, ਓਨਾ ਕਰ ਲਿਆ ਹੈ, ਤਾਂ ਤੁਸੀਂ ਨਿਰੀਖਕ ਨੂੰ ਆਪਣਾ ਹੱਥ ਖੜ੍ਹਾ ਕਰਕੇ ਉੱਥੋਂ ਜਾਣ ਦੀ ਇਜਾਜ਼ਤ ਲਈ ਪੁੱਛ ਸਕਦੇ ਹੋ। ਜੇਕਰ ਪਰੀਖਿਆ ਇੱਕ ਘੰਟੇ ਤੋਂ ਵੱਧ ਸਮੇਂ ਦੀ ਹੈ, ਤਾਂ ਨਿਰੀਖਕ ਤੁਹਾਨੂੰ 30 ਮਿੰਟਾਂ ਬਾਅਦ ਜਾਣ ਦੀ ਆਗਿਆ ਦੇ ਸਕਦੇ ਹਨ। ਜੇਕਰ ਪਰੀਖਿਆ ਇੱਕ ਘੰਟੇ ਦੀ ਜਾਂ ਘੱਟ ਦੀ ਹੈ, ਤਾਂ 20 ਮਿੰਟਾਂ ਦੇ ਬਾਅਦ ਤੁਹਾਨੂੰ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਤੁਹਾਡੇ ਲਈ ਜਾਣ ਤੋਂ ਪਹਿਲਾਂ ਆਪਣੀ ਉੱਤਰ ਪੁਸਤਿਕਾ, ਪ੍ਰਸ਼ਨ ਪੱਤਰ ਅਤੇ ਕੋਈ ਵੀ ਡਾਟਾ ਪੁਸਤਿਕਾਵਾਂ ਨਿਰੀਖਕ ਨੂੰ ਦੇਣੀਆਂ ਲਾਜ਼ਮੀ ਹਨ। ਜੇਕਰ ਤੁਸੀਂ ਪਰੀਖਿਆ ਕਮਰੇ ਤੋਂ ਬਾਹਰ ਜਾਣ ਤੋਂ ਪਹਿਲਾਂ ਨਿਰੀਖਕ ਨੂੰ ਉੱਤਰ ਪੁਸਤਿਕਾਵਾਂ ਨਹੀਂ ਦਿੰਦੇ, ਤਾਂ ਤੁਸੀਂ ਸਬੰਧਤ ਪੇਪਰ ਲਈ ਸਾਰੇ ਅੰਕ ਗੁਆ ਸਕਦੇ ਹੋ।

## ਤੁਹਾਡੇ ਨਤੀਜੇ

**ਨੰਬਰ ਦੇਣੇ ( ਮਾਰਕਿੰਗ)**

ਤੁਹਾਡੀ ਪਰੀਖਿਆ ਦੇ ਬਾਅਦ, ਮਾਰਕਿੰਗ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਮਾਰਕਰ ਉਹ ਅਧਿਆਪਕ ਅਤੇ ਲੈਕਚਰਾਰ ਹਨ ਜੋ ਆਪਣੇ ਤਜਰਬੇ ਅਤੇ ਵਿਸ਼ੇ ਦੀ ਮਹਾਰਤ ਦੇ ਆਧਾਰ ਤੇ SQA ਵੱਲੋਂ ਧਿਆਨ ਨਾਲ ਚੁਣੇ ਗਏ ਹੁੰਦੇ ਹਨ। ਸਾਰੇ ਮਾਰਕਰਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹਨਾਂ ਤੇ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਜੋ ਉਹ ਹਰ ਇੱਕ ਲਈ ਨਿਰਪੱਖ ਢੰਗ ਨਾਲ ਅਤੇ ਇਕਸਾਰਤਾ ਨਾਲ ਨੰਬਰ ਲਗਾਉਣ।

**ਨੰਬਰ ਦੇਣ ਤੋਂ ਬਾਅਦ**

ਇੱਕ ਵਾਰ ਜਦੋਂ ਨੰਬਰ ਦੇਣ ਦਾ ਕੰਮ ਮੁਕੰਮਲ ਕਰ ਲਿਆ ਜਾਂਦਾ ਹੈ, ਤਾਂ ਤੁਹਾਡੀ ਪਰੀਖਿਆ ਦੇ ਨੰਬਰ ਨੂੰ ਕੋਰਸਵਰਕ ਜਾਂ ਤੁਹਾਡੇ ਕੋਰਸ ਦੇ ਹੋਰ ਭਾਗਾਂ ਦੇ ਨੰਬਰਾਂ ਦੇ ਨਾਲ ਜੋੜਿਆ ਜਾਵੇਗਾ, ਜਿਵੇਂ ਕਿ ਕਾਰਗੁਜ਼ਾਰੀ ਜਾਂ ਮੌਖ਼ਿਕ ਪਰੀਖਿਆਵਾਂ ਨਾਲ। ਇਹ ਸਾਰੇ ਨੰਬਰ ਤੁਹਾਡੇ ਸਮੁੱਚੇ ਗ੍ਰੇਡ ਲਈ ਯੋਗਦਾਨ ਪਾਉਂਦੇ ਹਨ।

SQA ਨੂੰ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਵੱਖ-ਵੱਖ ਸਾਲਾਂ ਵਿੱਚ ਇੱਕੋ ਜਿਹਾ ਨਤੀਜਾ ਮਿਲਣਾ ਸੌਖਾ ਜਾਂ ਔਖਾ ਨਹੀਂ ਹੈ। ਸਾਡਾ ਇਸ ਨੂੰ ਆਪਣੇ ਵੱਲੋਂ ਕਰਨ ਦਾ ਇੱਕ ਤਰੀਕਾ ਗ੍ਰੇਡ ਸੀਮਾ ਮੁਲਾਕਾਤਾਂ ਰਾਹੀਂ ਕਰਨ ਦਾ ਹੈ। ਹਰ ਸਾਲ, ਨੰਬਰ ਦੇਣ ਤੋਂ ਬਾਅਦ, ਪਰੀਖਿਆਰਥੀਆਂ ਦੇ ਨੰਬਰਾਂ ਦਾ ਇਹਨਾਂ ਮੁਲਾਕਾਤਾਂ ਵਿੱਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਫਿਰ ਇਹ ਤੈਅ ਕੀਤਾ ਜਾਂਦਾ ਹੈ ਕਿ A,B,C ਜਾਂ D ਪ੍ਰਾਪਤ ਕਰਨ ਲਈ ਘੱਟੋ-ਘੱਟ ਨੰਬਰ ਕਿੰਨੇ ਹੋਣਗੇ।

ਇਸ ਪੜਾਅ ਤੋਂ ਬਾਅਦ, ਤੁਹਾਡੇ ਪ੍ਰਮਾਣ-ਪੱਤਰ ਨੂੰ ਪ੍ਰਿੰਟ ਕਰਕੇ ਪੋਸਟ ਕੀਤਾ ਜਾਂਦਾ ਹੈ।

**ਆਪਣੇ ਨਤੀਜੇ ਪ੍ਰਾਪਤ ਕਰਨਾ**

ਤੁਸੀਂ ਆਪਣਾ ਪ੍ਰਮਾਣ-ਪੱਤਰ ਮੰਗਲਵਾਰ 7 ਅਗਸਤ ਨੂੰ ਪ੍ਰਾਪਤ ਕਰੋਗੇ।

ਤੁਹਾਡਾ ਸਕੂਲ ਜਾਂ ਕਾਲਜ ਵੀ ਤੁਹਾਡੇ ਨਤੀਜੇ ਪ੍ਰਾਪਤ ਕਰੇਗਾ। ਜੇਕਰ ਤੁਸੀਂ ਯੂਨੀਵਰਸਿਟੀ ਜਾਂ ਕਾਲਜ ਲਈ ਅਰਜ਼ੀ ਦਿੱਤੀ ਹੈ, ਤਾਂ Universities and Colleges Admission Service (UCAS) ਵੀ ਤੁਹਾਡੇ ਨਤੀਜੇ ਪ੍ਰਾਪਤ ਕਰੇਗੀ।

ਜੇਕਰ ਤੁਹਾਨੂੰ ਮੰਗਲਵਾਰ 7 ਅਗਸਤ ਨੂੰ ਆਪਣਾ ਪ੍ਰਮਾਣ-ਪੱਤਰ ਨਹੀਂ ਮਿਲਦਾ, ਤਾਂ ਤੁਹਾਨੂੰ ਤੁਰੰਤ ਆਪਣੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਤੁਹਾਡੇ ਨਤੀਜੇ ਦੱਸ ਸਕਣਗੇ ਅਤੇ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਪ੍ਰਮਾਣ-ਪੱਤਰ ਦਾ ਕੀ ਬਣਿਆ ਹੈ, ਸਾਡੇ ਨਾਲ ਕੰਮ ਕਰ ਸਕਣਗੇ।

**MySQA**

MySQA ਤੁਹਾਨੂੰ ਤੁਹਾਡੇ ਨਤੀਜਿਆਂ ਵਾਸਤੇ ਸੁਰੱਖਿਅਤ ਆਨਲਾਈਨ ਪਹੁੰਚ ਦਿੰਦਾ ਹੈ। ਕਾਗਜ਼ੀ ਪ੍ਰਮਾਣ-ਪੱਤਰ ਦੇ ਨਾਲ-ਨਾਲ, ਤੁਸੀਂ ਮੰਗਲਵਾਰ 7 ਅਗਸਤ ਨੂੰ ਸਵੇਰੇ 8 ਵਜੇ ਤੋਂ, ਆਪਣੇ ਨਤੀਜਿਆਂ ਨੂੰ ਟੈਕਸਟ ਜਾਂ ਈਮੇਲ ਦੁਆਰਾ ਪ੍ਰਾਪਤ ਕਰਨ ਲਈ ਵੀ ਸਾਈਨ ਅਪ ਕਰ ਸਕਦੇ ਹੋ।

ਆਪਣੇ ਨਤੀਜਿਆਂ ਨੂੰ ਟੈਕਸਟ ਜਾਂ ਈਮੇਲ ਰਾਹੀਂ ਪ੍ਰਾਪਤ ਕਰਨ ਲਈ, ਤੁਹਾਨੂੰ 17 ਜੁਲਾਈ ਨੂੰ ਸ਼ਾਮ 5 ਵਜੇ ਤੱਕ www.mysqa.org.uk 'ਤੇ ਸਾਈਨ ਅੱਪ ਕਰਨ ਦੀ, ਅਤੇ 18 ਜੁਲਾਈ ਨੂੰ ਸ਼ਾਮ 5 ਵਜੇ ਤੱਕ ਆਪਣਾ ਅਕਾਊਂਟ ਐਕਟੀਵੇਟ (ਚਾਲੂ) ਕਰਨ ਦੀ ਲੋੜ ਹੋਵੇਗੀ।

ਯਾਦ ਰੱਖੋ, ਜੇ ਤੁਸੀਂ MySQA ਲਈ ਸਾਈਨ ਅੱਪ ਕਰਨ ਤੋਂ ਬਾਅਦ, ਆਪਣਾ ਮੋਬਾਈਲ ਨੰਬਰ ਜਾਂ ਈਮੇਲ ਪਤਾ ਬਦਲਦੇ ਹੋ, ਤਾਂ ਤੁਹਾਨੂੰ ਆਪਣਾ ਟੈਕਸਟ ਜਾਂ ਈ ਮੇਲ ਪ੍ਰਾਪਤ ਕਰਨ ਲਈ ਇਹਨਾਂ ਵੇਰਵਿਆਂ ਨੂੰ ਅਪਡੇਟ ਕਰਨ ਦੀ ਲੋੜ ਹੋਵੇਗੀ।

**ਸਹਾਇਤਾ**

www.sqa.org.uk/certificate 'ਤੇ ਤੁਹਾਡੇ ਪ੍ਰਮਾਣ-ਪੱਤਰ ਨੂੰ ਸਮਝਣ ਵਿੱਚ ਮਦਦ ਕਰਨ ਲਈ ਉਪਯੋਗੀ ਵੀਡੀਓ ਹਨ।

www.sqa.org.uk/faqs ਤੇ ਤੁਸੀਂ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਉੱਤਰ ਵੀ ਲੱਭ ਸਕਦੇ ਹੋ।

ਜੇਕਰ ਤੁਹਾਨੂੰ ਆਪਣਾ ਪ੍ਰਮਾਣ-ਪੱਤਰ ਸਮਝ ਨਹੀਂ ਆਉਂਦਾ ਜਾਂ ਤੁਹਾਨੂੰ ਲੱਗਦਾ ਹੈ ਕਿ ਕੁਝ ਗ਼ਲਤ ਹੈ, ਤਾਂ ਮਦਦ ਲਈ ਆਪਣੇ ਸਕੂਲ ਜਾਂ ਆਪਣੇ ਕਾਲਜ ਦੇ ਪਰੀਖਿਆਰਥੀ ਰਿਕਾਰਡ ਵਿਭਾਗ ਨਾਲ ਸੰਪਰਕ ਕਰੋ।

ਤੁਸੀਂ ਸਾਡੇ ਨਾਲ www.sqa.org.uk/candidateenquiryform 'ਤੇ ਇੱਕ ਪਰੀਖਿਆਰਥੀ ਜਾਂਚ ਫਾਰਮ ਭਰਕੇ ਸੰਪਰਕ ਕਰ ਸਕਦੇ ਹੋ।

0345 279 1000 ਤੇ, ਸਾਡੀ ਪਰੀਖਿਆਰਥੀ ਸਲਾਹ ਲਾਈਨ ਵੀ ਤੁਹਾਡੇ ਪ੍ਰਮਾਣ-ਪੱਤਰ ਬਾਰੇ ਸਵਾਲਾਂ ਦੇ ਉੱਤਰ ਦੇਣ ਲਈ ਮੰਗਲਵਾਰ 7 ਅਗਸਤ ਤੋਂ ਸ਼ੁੱਕਰਵਾਰ 10 ਅਗਸਤ ਤੱਕ ਮਦਦ ਕਰ ਸਕੇਗੀ।

**Results Services**
ਸਾਡੀ Results Services ਤੁਹਾਡੀ ਸਹਾਇਤਾ ਲਈ ਉਪਲਬਧ ਹਨ:

- ਪਰੀਖਿਆ ਦੇ ਸਮੇਂ ਦੌਰਾਨ- ਜੇਕਰ ਕਿਸੇ ਪਰੀਖਿਆ ਵਿੱਚ ਤੁਹਾਡਾ ਪ੍ਰਦਰਸ਼ਨ ਕਿਸੇ ਅਪਵਾਦਕ ਹਾਲਾਤ ਦੇ ਕਾਰਨ ਪ੍ਰਭਾਵਿਤ ਹੋਇਆ ਹੋਵੇ, ਜਿਵੇਂ ਕਿ ਕੋਈ ਸਦਮਾ ਜਾਂ ਗੰਭੀਰ ਬਿਮਾਰੀ।

ਜਾਂ

- ਨਤੀਜਿਆਂ ਦੇ ਦਿਨ ਤੋਂ ਬਾਅਦ - ਜੇ ਤੁਹਾਡੀਆਂ ਗ੍ਰੇਡ ਬਾਰੇ ਕੋਈ ਚਿੰਤਾਵਾਂ ਹਨ

**ਜੇ ਕੁਝ ਅਕਲਪਿਤ ਵਾਪਰਦਾ ਹੈ, ਅਤੇ ਉਸ ਦਿਨ ਮੇਰੀ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ, ਜਾਂ ਮੈਂ ਪਰੀਖਿਆ ਵਿੱਚ ਹੀ ਨਹੀਂ ਬੈਠ ਸਕਦਾ/ਸਕਦੀ ਤਾਂ ਕੀ ਹੁੰਦਾ ਹੈ?**

ਜਿੰਨੀ ਛੇਤੀ ਹੋ ਸਕੇ, ਤੁਹਾਨੂੰ ਜਾਂ ਤੁਹਾਡੇ ਮਾਤਾ-ਪਿਤਾ ਜਾਂ ਤੁਹਾਡੇ ਦੇਖਭਾਲਕਰਤਾ ਨੂੰ ਓਨੀ ਛੇਤੀ ਤੁਹਾਡੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਉਹ ਤੁਹਾਡੇ ਲਈ ਉਪਲਬਧ ਵਿਕਲਪਾਂ ਬਾਰੇ ਚਰਚਾ ਕਰ ਸਕਣਗੇ, ਅਤੇ ਇਸ ਬਾਰੇ ਕਿ ਕੀ ਤੁਸੀਂ ਅਪਵਾਦਕ ਹਾਲਾਤ ਲਈ ਵਿਚਾਰ ਕੀਤੇ ਜਾਣ ਦੇ ਹੱਕਦਾਰ ਹੋਵੋਗੇ ਜਾਂ ਨਹੀਂ। ਅਜਿਹਾ ਹੋਣ ਲਈ, ਤੁਹਾਡੇ ਸਕੂਲ ਜਾਂ ਕਾਲਜ ਵੱਲੋਂ SQA ਨੂੰ ਬੇਨਤੀ ਜਮਾਂ ਕਰਵਾਉਣੀ ਪਵੇਗੀ। ਇਹ ਪਰੀਖਿਆ ਤੋਂ 10 ਦਿਨਾਂ ਦੇ ਅੰਦਰ ਜਮਾਂ ਕਰਨੀ ਜਰੂਰੀ ਹੁੰਦੀ ਹੈ, ਇਸ ਲਈ ਇਹ ਬਹੁਤ ਮਹਤੱਵਪੂਰਨ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਓਨੀ ਜਲਦੀ ਉਨ੍ਹਾਂ ਨਾਲ ਗੱਲ ਕਰੋ।

**ਜੇਕਰ ਮੇਰੇ ਪ੍ਰਮਾਣ-ਪੱਤਰ ਤੇ ਗ੍ਰੇਡ ਸਹੀ ਨਹੀਂ ਲੱਗਦੇ ਤਾਂ ਕੀ ਕੀਤਾ ਜਾਵੇ?**

ਤੁਹਾਨੂੰ ਤੁਰੰਤ ਆਪਣੇ ਸਕੂਲ ਜਾਂ ਕਾਲਜ ਨਾਲ ਆਪਣੀਆਂ ਚਿੰਤਾਵਾਂ ਬਾਰੇ ਚਰਚਾ ਕਰਨੀ ਚਾਹੀਦੀ ਹੈ। ਜੇ ਉਹ ਮੰਨਦੇ ਹਨ ਕਿ ਤੁਹਾਡੇ ਗ੍ਰੇਡ ਗਲਤ ਹੋ ਸਕਦੇ ਹਨ, ਤਾਂ ਉਹ ਤੁਹਾਡੇ ਕੰਮ ਦੀ ਸਮੀਖਿਆ ਕਰਨ ਲਈ SQA ਨੂੰ ਕਹਿ ਸਕਦੇ ਹਨ। ਇਸ ਸਮੀਖਿਆ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ ਜੇ ਤੁਹਾਡੇ ਕੋਲ ਯੂਨੀਵਰਸਿਟੀ ਜਾਂ ਕਾਲਜ ਵਿੱਚ ਇਕ ਸ਼ਰਤੀਆ ਸੀਟ ਹੈ ਜੋ ਤੁਹਾਡੇ ਗ੍ਰੇਡ 'ਤੇ ਨਿਰਭਰ ਕਰਦੀ ਹੈ।

ਤੁਹਾਡੇ ਸਕੂਲ ਜਾਂ ਕਾਲਜ ਤੁਹਾਨੂੰ ਇਨ੍ਹਾਂ ਸੇਵਾਵਾਂ ਬਾਰੇ ਪੂਰੀ ਜਾਣਕਾਰੀ ਦੇ ਸਕਣਗੇ। ਤੁਸੀਂ www.sqa.org.uk/resultsservices ਤੇ ਵੀ ਹੋਰ ਜਾਣਕਾਰੀ ਲੈ ਸਕਦੇ ਹੋ।

ਯਾਦ ਰੱਖੋ:

- ✓ ਠੀਕ ਸਮੇਂ 'ਤੇ ਪਹੁੰਚੋ - ਘੱਟੋ-ਘੱਟ ਪਰੀਖਿਆ ਸ਼ੁਰੂ ਹੋਣ ਤੋਂ ਲਗਭਗ 10 ਮਿੰਟ ਪਹਿਲਾਂ।
- ✓ ਠੀਕ ਉਪਕਰਣ ਲਓ – ਕਾਲੇ ਜਾਂ ਨੀਲੇ ਰੰਗ ਦੀ ਸਿਆਹੀ ਵਾਲਾ ਪੈੱਨ, ਆਦਿ।
- ✓ ਇਹ ਜਾਂਚ ਲਵੋ ਕਿ ਤੁਹਾਡੇ ਕੋਲ ਤੁਹਾਡੀ ਸੀਟ 'ਤੇ ਕੋਈ ਵੀ ਵਰਜਿਤ ਵਸਤੂ ਨਹੀਂ ਹੈ।
- ✓ ਇਹ ਜਾਂਚ ਲਵੋ ਕਿ ਤੁਹਾਨੂੰ ਠੀਕ ਪ੍ਰਸ਼ਨ ਪੱਤਰ ਦਿੱਤਾ ਗਿਆ ਹੈ।
- ✓ ਤੁਸੀਂ ਦਿੱਤੇ ਗਏ ਕੰਮ ਦੇ ਹਰੇਕ ਹਿੱਸੇ ਉੱਪਰ ਆਪਣਾ ਨਾਮ, SCN ਅਤੇ ਸਕੂਲ ਜਾਂ ਕਾਲਜ ਦਾ ਨਾਮ ਪਾਓ (ਵਾਧੂ ਉੱਤਰ ਪੁਸਤਕਾਵਾਂ ਅਤੇ ਉੱਤਰ ਸ਼ੀਟਾਂ ਸਮੇਤ)
- ✓ ਸਪਸ਼ਟ ਲਿਖੋ
- ✓ ਸਾਰੀਆਂ ਹਿਦਾਇਤਾਂ ਪੜ੍ਹੋ ਅਤੇ ਪਰੀਖਿਆ ਨਿਗਰਾਨ ( Invigilator) ਦੁਆਰਾ ਕੀਤੀਆਂ ਗਈਆਂ ਕਿਸੇ ਵੀ ਘੋਸ਼ਣਾਵਾਂ ਨੂੰ ਧਿਆਨਪੂਰਵਕ ਸੁਣੋ
- ✓ ਕੋਈ ਵੀ ਕੱਚਾ ਕੰਮ ਜੋ ਕਿ ਤੁਹਾਡੇ ਉੱਤਰ ਦਾ ਹਿੱਸਾ ਨਹੀਂ ਹੈ ,ਦੇ ਉੱਪਰ ਕਾਟਾ ਮਾਰੋ
- ✓ ਪਰੀਖਿਆ ਖ਼ਤਮ ਹੋਣ ਤੱਕ ਕਮਰੇ ਵਿੱਚ ਰਹੋ – ਤੁਸੀਂ ਪਹਿਲਾਂ ਸਿਰਫ਼ ਪਰੀਖਿਆ ਨਿਗਰਾਨ ਦੀ ਇਜਾਜ਼ਤ ਨਾਲ ਹੀ ਜਾ ਸਕਦੇ ਹੋ

- ✗ ਕਿਸੇ ਵੀ ਵਰਜਿਤ ਵਸਤਾਂ ਨੂੰ ਆਪਣੀ ਸੀਟ ਤੇ ਨਾ ਲੈ ਕੇ ਜਾਓ
- ✗ ਵਿਘਨਕਾਰੀ ਤਰੀਕੇ ਨਾਲ ਵਿਹਾਰ ਨਾ ਕਰੋ ਜਾਂ ਪਰੀਖਿਆ ਕਮਰੇ ਵਿੱਚ ਖੱਪ ਨਾ ਪਾਓ
- ✗ ਕਿਸੇ ਹੋਰ ਤੋਂ ਨਕਲ ਨਾ ਕਰੋ
- ✗ ਕਿਸੇ ਹੋਰ ਨਾਲ ਆਪਣਾ ਕੰਮ ਸਾਂਝਾ ਨਾ ਕਰੋ
- ✗ ਕਿਸੇ ਹੋਰ ਦੇ ਨਾਲ ਉਪਕਰਣ ਸਾਂਝਾ ਨਾ ਕਰੋ
- ✗ ਆਪਣੇ ਉੱਤਰਾਂ ਵਿੱਚ ਅਖੱੜ, ਬਦਜ਼ੁਬਾਨ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਜਾਂ ਤਸਵੀਰਾਂ ਦੀ ਵਰਤੋਂ ਨਾ ਕਰੋ।

ਗਾਹਕ ਸੰਪਰਕ ਕੇਂਦਰ (Customer Contact Centre)

ਟੈਲੀਫ਼ੋਨ: 0345 279 1000

BD7584 ਫਰਵਰੀ 2018